

# ਮੇਰੀ ਨਾਟਕ ਡਾਇਰੀ

ਗੁਰਸ਼ਰਨ ਸਿੰਘ

## ਧਮਕ ਨਗਾਰੇ ਦੀ 1/9/91

ਇਹ ਨਾਟਕ ਸਹੀ ਸ਼ਬਦਾਂ ਵਿਚ ਇਕ ਵਰਕਸ਼ਾਪ ਦੀ ਉਪਜ ਹੈ । ਵਰਕਸ਼ਾਪ ਦੇ ਅਮਲ ਵਿਚ ਲੇਖਕ, ਨਿਰਦੇਸ਼ਕ ਅਤੇ ਕਲਾਕਾਰ ਜੁੜ ਕੇ ਬੈਠਦੇ ਹਨ ਅਤੇ ਆਪਣੀ ਲੋੜ ਅਤੇ ਮਿਲਦੇ ਸਾਧਨਾਂ ਦੇ ਅਨੁਸਾਰ ਨਾਟਕ ਦਾ ਵਿਸ਼ਾ ਚੁਣਦੇ ਹਨ, ਉਸ ਦੀ ਰੂਪ ਰੇਖਾ ਮਿੱਥਦੇ ਹਨ, ਫਿਰ ਰੀਹਰਸਲਾਂ ਦੇ ਦਰਮਿਆਨ ਉਹਦੀ ਸੋਧ ਵੀ ਕਰਦੇ ਹਨ ਅਤੇ ਲੋੜੀਂਦੇ ਵਾਧੇ ਘਾਟੇ ਵੀ ਕਰਦੇ ਹਨ । 1978 ਵਿਚ ਭਾਰਤ ਦੇ ਪ੍ਰਸਿੱਧ ਨਾਟਕ ਨਿਰਦੇਸ਼ਕ ਬੰਸੀ ਕੌਲ ਨੇ ਸਾਡੇ ਨਾਲ ਮਿਲ ਕੇ ਇਕ ਵਰਕਸ਼ਾਪ ਲਗਾਉਣ ਦੀ ਜ਼ਿੰਮੇਵਾਰੀ ਲਈ । ਮੁੱਢਲੇ ਵਿਚਾਰ ਵਟਾਂਦਰੇ ਵਿਚ ਇਸ ਗੱਲ ਦਾ ਜਾਇਜ਼ਾ ਲਗਾਇਆ ਗਿਆ ਕਿ ਸਾਡੇ ਕੋਲ ਕਿਸ ਕਿਸਮ ਦੀ ਨਾਟਕ ਪ੍ਰਤਿਭਾ ਮੌਜੂਦ ਹੈ ।

ਉਨ੍ਹਾਂ ਦੇ ਪੁੱਛਣ 'ਤੇ ਮੈਂ ਦੱਸਿਆ ਕਿ ਐਕਟਰ ਵੀ ਹਨ, ਪਰਮਜੀਤ ਵਰਗੇ ਗਾਇਕ ਅਤੇ ਮਿਊਜ਼ਿਕ ਕੰਪੋਜ਼ਰ ਵੀ ਹਨ, ਲੋਕ ਨਾਚਾਂ ਦੇ ਉਹ ਮਾਹਿਰ ਵੀ ਹਨ ਜਿਨ੍ਹਾਂ ਨੇ ਕਾਲਜ ਅਤੇ ਯੂਨੀਵਰਸਿਟੀਆਂ ਦੇ ਯੂਥ ਫੈਸਟੀਵਲਾਂ ਵਿਚ ਆਪਣੀ ਕਲਾ ਦੇ ਜੌਹਰ ਵਿਖਾਏ ਹਨ । ਫੈਸਲਾ ਇਹੀ ਹੋਇਆ ਕਿ ਇਕ ਐਸਾ ਨਾਟਕ ਤਿਆਰ ਕੀਤਾ ਜਾਏ, ਜੋ ਟੋਟਲ ਨਾਟਕ ਹੋਵੇ, ਭਾਵ ਉਸ ਵਿਚ ਨਾਟਕ ਗੀਤ ਤੇ ਨਾਚ ਸਭ ਅੰਸ਼ ਸ਼ਾਮਲ ਹੋਣ ਅਤੇ ਨਾਲ ਹੀ ਉਹ ਨਾਟਕ ਪੰਜਾਬ ਦੇ ਵਿਰਸੇ ਨੂੰ ਆਧੁਨਿਕ ਸੰਵੇਦਨਾ ਦੇ ਅਨੁਕੂਲ ਪੇਸ਼ ਕਰੇ । ਦੁੱਲਾ ਭੱਟੀ ਦੀ ਲੋਕ ਗਾਥਾ ਨੂੰ ਪੇਸ਼ ਕਰਨ ਦਾ ਨਿਰਨਾ ਲਿਆ ਗਿਆ ਤੇ ਇਹ ਵੀ ਫੈਸਲਾ ਲਿਆ ਗਿਆ ਕਿ ਉਸ ਨੂੰ ਛੇ ਸਦੀਆਂ ਪਹਿਲੇ ਹੋਈ ਕਿਸਾਨੀ ਬਗਾਵਤ ਦੇ ਸੰਦਰਭ ਵਿਚ ਵੀ ਰੂਪਮਾਨ ਕੀਤਾ ਜਾਏ ।

ਅੰਮ੍ਰਿਤਸਰ ਸਕੂਲ ਆਫ ਡਰਾਮਾ ਵਲੋਂ ਇਹ ਵਰਕਸ਼ਾਪ ਜੁਲਾਈ 1978 ਵਿਚ ਮੇਰੇ ਅੰਮ੍ਰਿਤਸਰ ਵਾਲੇ ਘਰ ਦੇ ਕੋਠੇ 'ਤੇ ਹੀ ਲਗਾਈ ਗਈ, ਜਿਹੜਾ ਕੁਝ ਸਾਲਾਂ ਵਿਚ ਆਪਣੇ ਆਪ ਵਿਚ ਇਕ ਮਿੰਨੀ ਓਪਨ ਥੀਏਟਰ ਦਾ ਰੂਪ ਧਾਰ ਚੁੱਕਿਆ ਸੀ । ਅੰਮ੍ਰਿਤਸਰ ਸਕੂਲ ਆਫ ਡਰਾਮਾ ਦੀ ਸੰਸਥਾ ਮੈਂ 1975 ਵਿਚ ਐਮਰਜੈਂਸੀ ਦੇ ਦਿਨਾਂ ਵਿਚ ਸਥਾਪਤ ਕੀਤੀ ਸੀ । ਅੰਮ੍ਰਿਤਸਰ ਨਾਟਕ ਕਲਾ ਕੇਂਦਰ ਤੋਂ ਥੋੜ੍ਹੀ ਵੱਖ ਇਸ ਸੰਸਥਾ ਦੀ ਵਚਨਬੱਧੀ ਅਤੇ ਨਿਸ਼ਾਨਾ ਵੱਧ ਸਿਆਸੀ ਰੰਗਤ ਦਾ ਸੀ । ਕਰਾਂਤੀ ਦੇ ਲਈ ਕੰਮ ਕਰ ਰਹੀਆਂ ਜਥੇਬੰਦੀਆਂ ਨਾਲ ਤਾਲਮੇਲ ਰੱਖਣੀ ਤੇ ਉਨ੍ਹਾਂ ਨੂੰ ਸਹਿਯੋਗ ਦੇਣਾ ਇਸ ਸੰਸਥਾ ਦਾ ਸਪਸ਼ਟ ਨਿਸ਼ਾਨਾ ਸੀ । ਦੇਸ਼ ਦੀ ਬਦਲਦੀ ਸਿਆਸੀ ਹਾਲਤ ਵਿਚ ਮੈਂ ਮਹਿਸੂਸ ਕੀਤਾ ਸੀ ਕਿ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਮੇਰੇ ਪਹਿਲੇ ਸਥਾਪਤ ਸਾਥੀ ਕਲਾਕਾਰ ਇਸ ਵਚਨਬੱਧੀ ਵਿਚ ਮੇਰਾ ਸਾਥ ਨਹੀਂ ਦੇ ਸਕਣਗੇ ਤੇ ਇਮਾਨਦਾਰੀ ਦੀ ਇਹੀ ਮੰਗ ਹੈ ਕਿ ਅਸੀਂ ਆਪਣੀ ਆਪਣੀ ਵਚਨਬੱਧੀ ਦੇ ਅਨੁਸਾਰ ਕੰਮ ਕਰੀਏ । ਸੋ 'ਧਮਕ ਨਗਾਰੇ ਦੀ' ਨਾਟਕ ਤਿਆਰ ਕਰਨ ਲਈ ਜੋ ਵਰਕਸ਼ਾਪ ਲਗਾਈ ਗਈ, ਉਸ ਬਾਰੇ ਇਹੀ ਕਿਹਾ ਜਾ ਸਕਦਾ ਹੈ ਕਿ ਵੇਦ ਸ਼ਰਮਾ ਨੂੰ ਛੱਡ ਕੇ ਇਸ ਵਿਚ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਦੂਜੀ ਪੀੜ੍ਹੀ ਦੇ ਕਲਾਕਾਰ ਅਤੇ ਨਵੇਂ ਕਲਾਕਾਰ ਸ਼ਾਮਲ ਹੋਏ । ਮਿੱਥੇ ਹੋਏ ਨਿਸ਼ਾਨੇ ਅਨੁਸਾਰ ਇਹ ਨਾਟਕ ਬੰਸੀ ਕੌਲ ਨੇ ਅੰਮ੍ਰਿਤਸਰ ਸਕੂਲ ਆਫ ਡਰਾਮਾ ਕੋਲੋਂ ਹੀ ਤਿਆਰ ਕਰਵਾਇਆ । ਇਸ ਨਾਟਕ ਦੀ ਰੂਪ ਰੇਖਾ ਨੇ ਵੀ ਉਸੇ ਵਰਕਸ਼ਾਪ ਦੌਰਾਨ ਹੀ ਜਨਮ ਲਿਆ ਤੇ ਇਸ ਦਾ ਸਾਰਾ ਡਿਜ਼ਾਈਨ ਇਸ ਤਰ੍ਹਾਂ ਚਿਤਵਿਆ ਗਿਆ ਕਿ ਇਹ ਪਿੰਡਾਂ ਦੀਆਂ ਥੜ੍ਹੇ ਨੁਮਾ ਸਟੇਜਾਂ 'ਤੇ ਆਸਾਨੀ ਨਾਲ ਕੀਤਾ ਜਾ ਸਕੇ ।

ਨਾਟਕ ਦੀ ਸਕਰਿਪਟ ਲਿਖਣ ਦੀ ਜ਼ਿੰਮੇਵਾਰੀ ਭਾਵੇਂ ਮੈਂ ਆਪ ਨਿਭਾਈ ਪਰ ਇਸ ਨੂੰ ਸੁਧਾਰਨ ਤੇ ਨਾਲੇ ਕੁਝ ਵਾਧੇ ਕਰਨ ਵਿਚ ਅਮਰਜੀਤ ਚੰਦਨ ਦਾ ਵੱਡਾ ਹੱਥ ਹੈ ? ਜਿਸ ਨਾਟਕ ਦਾ ਕੁਝ ਗੀਤ ਵੀ ਅਮਰਜੀਤ ਚੰਦਨ ਦੀ ਕਲਮ ਤੋਂ ਹੀ ਹਨ । ਦੋ ਗੀਤ ਸ਼ਹਿਰਯਾਰ ਨੇ ਲਿਖੇ । ਕਿਸ਼ਨ ਸਿੰਘ ਆਰਿਫ ਦੀ ਕਵੀਸ਼ਰੀ, ਨਜ਼ਮ ਹੁਸੈਨ ਸੱਯਦ ਦਾ ਕਲਾਮ ਅਤੇ ਸੋਹਨ ਸਿੰਘ ਸੀਤਲ ਦੀ ਵਾਰ ਵੀ ਇਸ ਨਾਟਕ ਵਿਚ ਸ਼ਾਮਲ ਕੀਤੇ ਗਏ । ਸਬਿੰਦਰਜੀਤ ਸਾਗਰ ਨੇ ਨਾਟਕ ਦੀ ਰੂਪ ਰੇਖਾ ਉਲੀਕਣ ਵਿਚ ਹਿੱਸਾ ਪਾਇਆ ਅਤੇ ਦੁੱਲ੍ਹਾ ਭੱਟੀ ਦੇ ਪੁਰਾਤਣ ਕਿੱਸਿਆਂ ਵਿਚੋਂ ਖੋਜ ਕਰ ਕੇ ਕੁਝ ਐਸੇ ਤੱਥ ਦੱਸੇ ਜੋ ਨਾਟਕ ਦੇ ਜ਼ਰੂਰੀ ਹਿੱਸ ਬਣੇ । ਇਸ ਤਰ੍ਹਾਂ ਇਹ ਨਾਟਕ ਸਾਂਝੇ ਯਤਨਾਂ ਦੀ ਦੇਣ ਹੈ । ਨਾਟਕ ਕੋਰਸ ਦੇ ਗੀਤ ਨਾਲ ਸ਼ੁਰੂ ਹੁੰਦਾ ਹੈ:

ਇਕ ਜ਼ਿਲਾ ਲਾਹੌਰ ਪੰਜਾਬ ਅੰਦਰ  
ਜਿਦੀ ਲੱਭਦੀ ਨਾ ਕੋਈ ਮਿਸਾਲ ਲੋਕੋ ।

ਕੋਰਸ ਦੇ ਇਸ ਗੀਤ ਵਿਚ ਆਉਣ ਵਾਲੇ ਨਾਟਕ ਦਾ ਪਿਛੋਕੜ ਦੱਸਿਆ ਜਾਂਦਾ ਹੈ ਕਿ ਕਿਸ ਤਰ੍ਹਾਂ ਸਾਂਦਲ ਬਾਰ ਦੇ ਵਾਸੀ ਦੁੱਲ੍ਹੇ ਦੇ ਬਾਪ ਦਾਦਾ ਨੇ ਅਕਬਰ ਬਾਦਸ਼ਾਹ ਦੇ ਖਿਲਾਫ ਬਗਾਵਤ ਕੀਤੀ । ਉਨ੍ਹਾਂ ਦੀ ਬਗਾਵਤ ਨੂੰ ਦਬਾ ਦਿੱਤਾ ਗਿਆ ਤੇ ਉਨ੍ਹਾਂ ਦੀਆਂ ਲਾਸ਼ਾਂ ਵਿਚ ਤੂੜੀ ਭਰ ਕੇ ਉਨ੍ਹਾਂ ਨੂੰ ਲਾਹੌਰ ਸ਼ਹਿਰ ਦੇ ਬਾਹਰ ਸ਼ਦਰ ਦਰਵਾਜ਼ੇ 'ਤੇ ਲਟਕਾ ਦਿੱਤਾ ਗਿਆ । ਉਨ੍ਹਾਂ ਦਾ ਕਸੂਰ ਇਹ ਸੀ ਕਿ ਉਨ੍ਹਾਂ ਨੇ ਬਾਦਸ਼ਾਹ ਦੇ ਅਮੀਰਾਂ ਨੂੰ ਮਾਲੀਆ ਦੇਣ ਤੋਂ ਇਨਕਾਰ ਕਰ ਦਿੱਤਾ ਸੀ । ਕੋਰਸ ਗਾਂਦਾ ਹੈ ਕਿ ਦੁੱਲ੍ਹੇ ਦਾ ਨਾਟਕ ਜੋ ਪੇਸ਼ ਕੀਤਾ ਜਾਣ ਵਾਲਾ ਹੈ, ਉਹ ਦੁੱਲ੍ਹੇ ਦੀ ਉਸ ਬਗਾਵਤ ਦੀ ਗਾਥਾ ਹੈ, ਜੋ ਉਸਨੇ ਆਪਣੇ ਬਾਪ ਦਾਦਾ ਦੇ ਕੰਮ ਨੂੰ ਜਾਰੀ ਰੱਖਦਿਆਂ ਕੀਤੀ । ਉਹ ਛੇ ਸੌ ਸਾਲ ਪਹਿਲੇ ਜੂਝਿਆ ਪਰ ਉਹ ਹਾਲੇ ਵੀ ਸਾਡੇ ਦਰਮਿਆਨ ਹੈ ਤੇ ਜਦ ਤਕ ਜ਼ੁਲਮ ਜਬਰ ਦੇ ਵਿਰੁਧ ਲੋਕ ਜੂਝਦੇ ਰਹਿਣਗੇ, ਦੁੱਲੇ ਦੀ ਯਾਦ ਲੋਕਾਂ ਵਿਚ ਕਾਇਮ ਰਹੇਗੀ ।

ਕੋਰਸ ਦੇ ਗੀਤ ਦੇ ਬਾਅਦ ਦੀ ਨਾਟਕ ਦੀ ਝਾਕੀ ਵਿਚ ਲਾਹੌਰ ਦੇ ਅਮੀਰਾਂ ਦੀ ਅਯਾਸ਼ੀ ਅਤੇ ਉਨ੍ਹਾਂ ਦੀ ਰਾਖੀ ਕਰਨ ਵਾਲੇ ਫੌਜੀ ਸਿਪਾਹੀਆਂ ਦੀ ਜ਼ਹਿਨੀਅਤ ਵਿਅੰਗਾਤਮਿਕ ਤਰੀਕੇ ਨਾਲ ਪੇਸ਼ ਕੀਤੀ ਗਈ, ਜੋ ਲੋਕਾਂ ਦੇ ਦੁੱਖਾਂ ਤੋਂ ਬਿਲਕੁਲ ਬੇਪਰਵਾਹ ਹਨ । ਉਨ੍ਹਾਂ ਦੀ ਜੀ ਹਜ਼ੂਰੀਏ ਹੋਣ ਦੀ ਰੁਚੀ ਵੀ ਪੂਰੀ ਤਰ੍ਹਾਂ ਨਸ਼ਰ ਕੀਤੀ ਗਈ । ਅੱਜ ਦੇ ਵੇਲੇ ਦਾ ਦਿੱਲੀ ਦਰਬਾਰ ਅਤੇ ਉਹਦੇ ਜੀ ਹਜ਼ੂਰੀਏ ਨਾਟਕ ਦਾ ਇਹ ਭਾਗ ਲਿਖਣ ਵੇਲੇ ਮੇਰੇ ਬਿਲਕੁਲ ਸਾਹਮਣੇ ਸਨ ।

ਬਗਾਵਤ ਜਨਮ ਲੈਂਦੀ ਦਾ ਕਾਰਨ ਸਮੇਤ ਸੰਕੇਤ ਮਿਲਦਾ ਹੈ । ਕੋਰਸ ਕਹਾਣੀ ਨੂੰ ਅੱਗੇ ਤੋਰਦਾ ਹੈ ਜਦ ਦੁੱਲਾ ਨੰਦੀ ਮਰਾਸਨ ਦੀ ਗਾਗਰ ਕਮਾਨ ਤੋਂ ਛੱਡੇ ਤੀਰ ਨਾਲ ਵਿੰਨ੍ਹਦਾ ਹੈ ਅਤੇ ਮਰਾਸਨ ਮਿਹਣਾ ਮਾਰਦੀ ਹੈ ਕਿ ਉਹਨੂੰ ਜੇਕਰ ਨਿਸ਼ਾਨਾਬਾਜ਼ੀ ਦਾ ਏਨਾ ਹੀ ਸ਼ੌਕ ਹੈ ਤਾਂ ਉਹ ਉਨ੍ਹਾਂ ਦੇ ਸਿਰ ਭੰਨੇ ਜੋ ਉਹਦੇ ਬਾਪ ਦਾਦਾ ਨੂੰ ਖਾ ਗਏ । ਦੁੱਲੇ ਦੇ ਜ਼ੋਰ ਦੇਣ 'ਤੇ ਉਹਦੀ ਮਾਂ ਲੱਧੀ ਉਹਨੂੰ ਸਾਰੀ ਕਹਾਣੀ ਦੱਸਦੀ ਹੈ । ਇਸ ਭਾਗ ਵਿਚ ਨਾਟਕ ਕਲਾ ਦੀਆਂ ਸਿਖਰਾਂ ਛੋਂਹਦਾ ਹੈ । ਨਵਸ਼ਰਨ ਨੇ ਲੱਧੀ ਮਾਂ ਦੇ ਰੂਪ ਵਿਚ ਅਤੇ ਵੇਦ ਸ਼ਰਮਾ ਨੇ ਦੁੱਲੇ ਦੇ ਰੂਪ ਵਿਚ ਪੂਰੀ ਤਰ੍ਹਾਂ ਆਪਣੇ ਕਿਰਦਾਰਾਂ ਨਾਲ ਇਨਸਾਫ ਕੀਤਾ ਹੈ ।

ਬਗਾਵਤ ਜਦੋਂ ਉਠਦੀ ਹੈ ਤਾਂ ਮੌਕਾਪ੍ਰਸਤ ਘਰ ਦੇ ਭੇਦੀ ਬਣ ਕੇ ਦੁਸ਼ਮਣਾਂ ਦੀ ਸੇਵਾ ਕਰਦੇ ਹਨ ਅਤੇ ਮੌਕੇ ਦਾ ਫਾਇਦਾ ਉਠਾ ਕੇ ਸਰਕਾਰੇ ਦਰਬਾਰੇ ਲਾਭ ਲੈਂਦੇ ਹਨ । ਇਹ ਸਚਾਈ ਦੁੱਲੇ ਦੇ ਸ਼ਰੀਕ ਅਲੀ ਦੇ ਕਿਰਦਾਰ ਵਿਚ ਉਘੜਦੀ ਹੈ ਤੇ ਇਸ ਤਰ੍ਹਾਂ ਬਾਦਸ਼ਾਹ ਦੇ ਜ਼ਰ ਖਰੀਦ ਸਿਪਾਹੀਆਂ ਦਾ ਕਿਰਦਾਰ ਵੀ ਸਾਹਮਣੇ ਆਂਦਾ ਹੈ ਜੋ ਸਧਾਰਨ ਲੋਕਾਂ ਦੀ ਪੂਰੀ ਤਰ੍ਹਾਂ ਲੁੱਟ ਕਰਦੇ ਹਨ ਤੇ ਜ਼ਰਾ ਜਿੰਨਾ ਡਰ ਪਾਇਆ ਜਾਏ ਤਾਂ ਮੌਕ ਵੀ

ਬੜੀ ਜਲਦੀ ਮਾਰਦੇ ਹਨ। ਦੁੱਲਾ ਧਾੜਵੀ ਬਣ ਕੇ ਪੰਜ ਹਜ਼ਾਰੀ ਸਰਦਾਰ ਨੂੰ ਲੁੱਟਦਾ ਹੈ। ਬਦਲੇ ਵਿਚ ਦੁੱਲੇ ਦੀ ਗੈਰਹਾਜ਼ਰੀ ਵਿਚ ਮੁਗਲ ਸਰਕਾਰ ਦੁੱਲੇ ਦੀ ਪਿੰਡੀ ਨੂੰ ਥੇਹ ਕਰਦੇ ਹਨ। ਪਿੰਡੀ ਦੀਆਂ ਧੀਆਂ ਭੈਣਾਂ ਨੂੰ ਖੁਆਰ ਕਰਦੇ ਹਨ। ਜਰਵਾਣਿਆਂ ਦਾ ਸਦੀਆਂ ਤੋਂ ਇਹ ਫਲਸਫਾ ਚਲਦਾ ਆ ਰਿਹਾ ਹੈ ਕਿ ਜਿਸ ਧਰਤੀ ਤੋਂ ਬਗਾਵਤ ਉਠਦੀ ਹੈ ਉਸ ਧਰਤੀ ਨੂੰ ਬਜਰ ਕਰ ਦਿਓ ਨਾਟਕ ਦੀ ਗਤੀ ਵਿਚ ਇਹ ਸਚਾਈ ਸਰਕਾਰੀ ਦਹਿਸ਼ਤ ਰਾਹੀਂ ਪੂਰੀ ਤਰ੍ਹਾਂ ਰੂਪਮਾਨ ਹੁੰਦੀ ਹੈ ਪੰਚਾਇਤ ਬੈਠਦੀ ਹੈ। ਉਥੇ ਹੋਸ਼ ਅਤੇ ਜੋਸ਼ ਦੀਆਂ ਧਾਰਨਾਵਾਂ ਉਤੇ ਖੁੱਲ੍ਹੀ ਬਹਿਸ ਹੁੰਦੀ ਹੈ। ਇਹ ਸਚਾਈ ਸਾਹਮਣੇ ਆਉਂਦੀ ਹੈ ਕਿ ਜਬਰ ਦੇ ਵਿਰੁਧ ਸੰਘਰਸ਼ ਧਾੜਵੀ ਬਣ ਕੇ ਨਹੀਂ ਸਗੋਂ ਖਲਕਤ ਦੀ ਸ਼ਕਤੀ ਨੂੰ ਹੀ ਜਥੇਬੰਦ ਕਰ ਕੇ ਹੀ ਲੜਿਆ ਜਾ ਸਕਦਾ ਹੈ। ਪੰਚਾਇਤ ਦਾ ਇਹ ਸੀਨ ਨਾਟਕ ਵਿਚ ਇਕ ਅਹਿਮ ਮੋੜ ਹੈ।

ਦੁੱਲੇ ਦੀ ਬਗਾਵਤ ਹੁਣ ਧਾੜਵੀਆਂ ਵਾਲੇ ਰੂਪ ਵਿਚੋਂ ਨਿਕਲ ਕੇ ਇਕ ਬਾਕਾਇਦਾ ਸਿਆਸੀ ਸੰਘਰਸ਼ ਦਾ ਰੂਪ ਧਾਰ ਲੈਂਦੀ ਹੈ। ਨਾਟਕ ਕੋਰਸ ਅਤੇ ਨਾਟਕੀ ਝਾਕੀਆਂ ਨਾਲ ਅੱਗੇ ਤੁਰਦਾ ਜਾਂਦਾ ਹੈ। ਕੋਰਸ ਹਰ ਪੜਾਅ ਘਟਨਾਵਾਂ ਦੀ ਵਿਆਖਿਆ ਵੀ ਕਰਦਾ ਹੈ ਤੇ ਟਿੱਪਣੀ ਵੀ ਕਰਦਾ ਹੈ। ਸਿਖਰ ਆਂਦਾ ਹੈ, ਜਦੋਂ ਦੁੱਲਾ ਪਕੜਿਆ ਜਾਂਦਾ ਹੈ ਤੇ ਜ਼ੰਜੀਰਾਂ ਵਿਚ ਜਕੜਿਆ ਬਾਦਸ਼ਾਹ ਅੱਗੇ ਪੇਸ਼ ਕੀਤਾ ਜਾਂਦਾ ਹੈ। ਬਾਦਸ਼ਾਹ ਅਤੇ ਦੁੱਲਾ ਆਹਮੋ ਸਾਹਮਣੇ ਹਨ। ਦੋ ਧਿਰਾਂ ਦਾ ਫਲਸਫਾ ਉਨ੍ਹਾਂ ਦੀ ਵਾਰਤਾਲਾਪ ਵਿਚ ਉਘੜਦਾ ਹੈ। ਦੁੱਲਾ ਬਾਗੀਆਨਾ ਗੁਸਤਾਖ਼ੀ ਨਾਲ ਬਾਦਸ਼ਾਹ ਦੇ ਕਥਨਾ ਧਾਰਨਾਵਾਂ ਨੂੰ ਚੁਣੌਤੀ ਦੇਂਦਾ ਹੈ। ਉਹਦੀ ਚੁਣੌਤੀ ਵਿਚ ਉਹ ਸਾਰੀਆਂ ਸਚਾਈਆਂ ਰੂਪਮਾਨ ਹੁੰਦੀਆਂ ਹਨ ਜੋ ਬਾਦਸ਼ਾਹ ਨੂੰ ਖਲਕਤ ਤੋਂ ਵੱਖ ਕਰਦੀਆਂ ਹਨ। ਹੁਕਮਰਾਨਾਂ ਨੇ ਭਾਵੇਂ ਉਹ ਕਿਸੇ ਹੀ ਯੁੱਗ ਵਿਚ ਹੋਣ, ਕਦੇ ਵੀ ਖਲਕਤ ਦੇ ਦੁੱਖ ਨੂੰ ਸਮਝਣ ਦਾ ਯਤਨ ਨਹੀਂ ਕੀਤਾ। ਉਨ੍ਹਾਂ ਨੂੰ ਆਪਣੀ ਝੂਠੀ ਸ਼ਾਨ ਵੱਧ ਪਿਆਰੀ ਹੁੰਦੀ ਹੈ। ਦੁੱਲੇ ਦੀ ਗੁਸਤਾਖੀ ਦੀ ਸਜ਼ਾ ਬਾਦਸ਼ਾਹ ਉਹਨੂੰ ਆਪਣੇ ਹੱਥੀਂ ਖੰਜਰ ਮਾਰ ਕੇ ਦਿੰਦਾ ਹੈ। ਕੀ ਨਾਟਕ ਇਥੇ ਮੁੱਕ ਜਾਂਦਾ ਹੈ? ਨਹੀਂ। ਨਾਟਕ ਹੋਰ ਅੱਗੇ ਚਲਦਾ ਹੈ ਤੇ ਅੰਤ ਉਸ ਵੇਲੇ ਹੁੰਦਾ ਹੈ ਜਦੋਂ ਦੁੱਲੇ ਦਾ ਪੁੱਤਰ ਉਸ ਨਗਾਰੇ 'ਤੇ ਚੋ[illegible] ਜਾ ਰਿਹਾ ਹੈ [illegible] ਦੁੱਲੇ ਨੇ ਚੋਟ ਲਗਾਈ ਸੀ, ਨਾਲ ਹੀ ਕੋਰਸ ਦਾ ਗੀਤ ਚਲ ਰਿਹਾ ਹੈ।



1-9-1991

ਨਾਟਕ 'ਧਮਕ ਨਗਾਰੇ ਦੀ' ਦਾ ਇਕ ਦ੍ਰਿਸ਼

'ਜਦੋਂ ਮਿੱਟੀ ਉਠਦੀ ਹੈ ਧਰਤੀ ਦੀ, ਤਕਦੀਰ ਬਦਲਦੀ ਲੋਕਾਂ ਦੀ' ਇਹ ਨਗਾਰੇ ਦੀ ਚੋਟ ਇਸ ਗੱਲ ਦਾ ਸੰਕੇਤ ਹੈ ਕਿ ਜਿਸ ਵੇਲੇ ਤਕ ਮਨੁੱਖ ਦੇ ਹੱਥੋਂ ਮਨੁੱਖ ਦੀ ਲੁੱਟ ਹੁੰਦੀ ਰਹੇਗੀ, ਇਸ ਬਗਾਵਤ ਦੇ ਨਗਾਰੇ ਦੀ ਧਮਕ ਪੈਂਦੀ ਰਹੇਗੀ।

ਇਸ ਨਾਟਕ ਵਿਚ ਮਿਲ ਕੇ 22 ਕਲਾਕਾਰਾਂ ਨੇ ਹਿੱਸਾ ਪਾਇਆ। ਸਭ ਨੇ ਆਪਣੀ ਆਪਣੀ ਭੂਮਿਕਾ ਬੜੀ ਵਧੀਆ ਤਰੀਕੇ ਨਾਲ ਨਿਭਾਈ। ਬੰਸੀ ਕੌਲ ਦੀ ਨਿਰਦੇਸ਼ਨਾ ਦੀ ਸੇਧ ਉਨ੍ਹਾਂ ਕੋਲ ਸੀ। ਕ੍ਰਿਸ਼ਨ ਦਵੇਸਰ, ਦਰਸ਼ਨ ਬੇਦੀ ਫੁਲਵੰਤ, ਪਰਮਜੀਤ, ਬਲਦੇਵ, ਅਮਰਜੀਤ, ਯਸ਼, ਸੁਖਦੇਵ ਵਸਾਖ ਚੰਦ, ਸਤਵਿੰਦਰ, ਨਵਸ਼ਰਨ, ਪਰੀਤ, ਪਾਇਲ, ਮੀਨਾ ਸਭ ਹੀ ਤਾਂ ਸਨ।

1979 ਵਿਚ ਪੰਜਾਬ ਸਟੂਡੈਂਟਸ ਯੂਨੀਅਨ ਦੇ ਰਹਿਨੁਮਾ ਪ੍ਰਿਥੀਪਾਲ ਰੰਧਾਵਾ ਦੀ ਹੱਤਿਆ ਹੋਈ। ਇਹ ਨਾਟਕ ਉਹਦੀ ਯਾਦ ਵਿਚ 63 ਸਮਾਗਮਾਂ ਵਿਚ ਪਹਿਲੀ ਅਗਸਤ 1978 ਤੋਂ ਅਪਰੈਲ 1980 ਦੇ ਦਰਮਿਆਨ ਪੰਜਾਬ ਦੇ ਵੱਖ ਵੱਖ ਇਲਾਕਿਆਂ ਵਿਚ ਹਜ਼ਾਰਾਂ ਦੀ ਦਰਸ਼ਕਾਂ ਦੇ ਸਾਹਮਣੇ ਪੇਸ਼ ਕੀਤਾ ਗਿਆ। ਨਾਟਕ ਦਾ ਸੁਨੇਹਾ ਅਤੇ ਉਸ ਵੇਲੇ ਉਚਾ ਹੋਇਆ ਨਾਅਰਾ 'ਪ੍ਰਿਥੀ ਤੇਰਾ ਕਾਜ ਅਧੂਰਾ, ਲਾ ਕੇ ਜਿੰਦੜੀਆਂ ਕਰਾਂਗੇ ਪੂਰਾ' ਇਕਮਿੱਕ ਹੋ ਗਏ ਸਨ। ਇਸ ਇਤਿਹਾਸਕ ਸਚਾਈ ਨੂੰ ਮੈਂ ਪੂਰੇ ਮਨ ਨਾਲ ਰੀਕਾਰਡ ਕਰ ਰਿਹਾ ਹਾਂ। ਪੰਜਾਬੀ ਦੇ ਨਾਟਕ ਇਤਿਹਾਸ ਵਿਚ ਜਦੋਂ ਵੀ ਪੁਲੀਟੀਕਲ ਥੀਏਟਰ ਦੀ ਗੱਲ ਤੁਰੇਗੀ, ਉਸ ਨਾਟਕ ਦਾ ਜ਼ਿਕਰ ਲਾਜ਼ਮੀ ਤੌਰ 'ਤੇ ਲਿਆ ਜਾਏਗਾ, ਪੰਜਾਬ ਤੋਂ ਬਾਹਰ ਦਿੱਲੀ ਅਤੇ ਬੰਬਈ ਵਿਚ ਇਸ ਨਾਟਕ ਦੀਆਂ ਪੇਸ਼ਕਾਰੀਆਂ ਨੇ ਬਹੁਤ ਜੱਸ ਖੱਟਿਆ।

**ਪਿੱਛੋਂ ਲਿਖਿਆ ਨੋਟ :** ਆਪਣੀ ਡਾਇਰੀ ਦੇ ਇਸ ਕਾਂਡ ਨੂੰ ਜਦੋਂ ਮੈਂ 1991 ਦੇ ਸੰਦਰਭ ਵਿਚ ਵੇਖਦਾ ਹਾਂ ਤਾਂ ਮੈਂ ਇਹ ਕਹਿਣਾ ਜ਼ਰੂਰੀ ਸਮਝਦਾ ਹਾਂ ਕਿ ਸਮਾਂ ਆ ਗਿਆ ਹੈ ਕਿ ਰਾਹ ਲੱਭੇ ਜਾਣ ਕਿ ਸਿਆਸੀ ਸੰਘਰਸ਼ਾਂ ਦਰਮਿਆਨ ਖਲਕਤ ਦਾ ਘਾਣ ਰੋਕਿਆ ਜਾਏ। ਇਸ ਨਾਟਕ ਦੇ ਪੰਚਾਇਤ ਵਾਲੇ ਸੀਨ ਵਿਚ ਬੋਲੇ ਹੋਏ ਵਾਰਤਾਲਾਪ-ਆਓ ਸਿਰ ਜੋੜ ਕੇ ਬੈਠੀਏ, ਰਾਹ ਲੱਭੀਏ। ... ਜਦੋਂ ਸਿਰ ਜੋੜਾਂਗੇ, ਰਾਹ ਲੱਭਣਗੇ। ਇਹ ਰਾਹ ਜ਼ਰੂਰੀ ਨਹੀਂ ਜੋ 600 ਸਾਲ ਪਹਿਲਾਂ ਵਾਲਾ ਹੀ ਰਾਹ ਹੋਏ। ਸਭ ਤੋਂ ਜ਼ਰਰੀ ਗੱਲ ਹੈ ਕਿ ਸਿਰ ਜੋੜ ਕੇ ਬੈਠੀਏ।